
੧ਓ ਸਤਿਗੁਰ ਪ੍ਰਸਾਦਿ

# ਇਤਿਹਾਸ



## ਗੁਰਦੁਆਰਾ

# ਸ੍ਰੀ ਨਾਨਕ ਝੀਰਾ ਸਾਹਿਬ

## (ਮੈਸੂਰ ਸਟੇਟ)

ਆਗਿਆ ਅਨੁਸਾਰ ਗੁਰਦੁਆਰਾ ਪ੍ਰਬੰਧ ਕਮੇਟੀ
ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ
ਮੈਸੂਰ ਸਟੇਟ

Digitized by Panjab Digital Library | www.panjabdigilib.org

# ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕ ਝੀਰਾ ਸਾਹਿਬ
# ਬਿਦਰ (ਮੈਸੂਰ ਸਟੇਟ)

**ਸਰਪਰੱਸਤ—**

ਸਿੰਘ ਸਾਹਿਬ ਸੰਤ ਬਾਬਾ ਜੋਗਿੰਦਰਸਿੰਘ ਦੀ ਜਥੇਦਾਰ
ਤਖਤ ਸ੍ਰੀ ਹਜੂਰ ਸਾਹਿਬ,
ਭਾਈ ਜੈਮਲਸਿੰਘ ਜੀ ਬੰਬਈ

**ਅਹੁਦੇਦਾਰ—**

੧. ਸ੍ਰ: ਜੋਗਾਸਿੰਘ ਜੀ ਕੰਟਰੈਕਟਰ— ਪ੍ਰਧਾਨ, {ਹੈਦਰਾਬਾਦ}
੨. ਸ੍ਰ: ਰਛਪਾਲਸਿੰਘ ਜੀ ਮੀਤ— ਪ੍ਰਧਾਨ, {ਹੈਦਰਾਬਾਦ}
੩. ਸ੍ਰ: ਅਤਰਸਿੰਘਜੀ ਲਾਂਬਾ— ਮੀਤ ਪ੍ਰਧਾਨ,
੪. ਸ੍ਰ: ਸੁੰਦਰਸਿੰਘ ਜੀ ਹਜੂਰੀਏ— ਸਕੱਤਰ {ਹਜੂਰ ਸਾਹਿਬ}
੫. ਸ੍ਰ: ਗਿਆਨੀ ਗੁਰਬਚਨਸਿੰਘ ਜੀ ਨਿਧੜਕ— ਮੀਤ ਸਕੱਤਰ
੬. ਸ੍ਰ: ਖੁਸ਼ਹਾਲਸਿੰਘ ਜੀ— ਮੀਤ ਸਕਤ੍ਰ {ਹੈਦਰਾਬਾਦ}
੭. ਸ੍ਰੀਮਾਨ ਸੰਤ ਕਰਤਾਰਸਿੰਘ ਜੀ— ਧਾਰਮਕ ਸਲਹਾਕਾਰ
੮. ਸ੍ਰ: ਖੇਮਸਿੰਘ ਜੀ— ਮੈਂਬ੍ਰ {ਹੈਦਰਾਬਾਦ}
੯. ਸ੍ਰ: ਹਰਨਾਮਸਿੰਘ ਜੀ— ਮੈਂਬ੍ਰ {ਹੈਦਰਾਬਾਦ}
੧੦. ਸ੍ਰ: ਅਮਰਸਿੰਘ ਜੀ— ਮੈਂਬ੍ਰ {ਚਾਰਮਹਿਲ ਹੈਦਰਾਬਾਦ}
੧੧. ਸ੍ਰ: ਮੋਹਨਸਿੰਘ ਜੀ— ਮੈਬ੍ਰ {ਅਮੀਰਪੇਠ ਹੈਦਰਾਬਾਦ}
੧੨. ਸ੍ਰ: ਪ੍ਰਿਥੀਪਾਲਸਿੰਘ ਜੀ ਪੁਰੀ— ਮੈਂਬ੍ਰ {ਹੈਦਰਾਬਾਦ}
੧੩. ਸ੍ਰ: ਅਮਰਸਿੰਘ ਜੀ ਗੁ: ਪ੍ਰੈਸ— ਮੈਂਬ੍ਰ {ਹਜੂਰ ਸਾਹਿਬ}
੧੪. ਸ੍ਰ: ਪੂਰਨਸਿੰਘ ਜੀ ਪੰਜਾਬੀ— ਮੈਂਬ੍ਰ {ਹਹੂਰ ਸਾਹਿਬ}

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

# ਸ੍ਰੀ ਨਾਨਕ ਝੀਰਾ ਸਾਹਿਬ

ਭਾਈ ਗੁਰਦਾਸ ਜੀ :—

ਜਿਥੇ ਬਾਬਾ ਪੈਰ ਧਰੇ ਪੂਜਾਂ ਆਸਣ ਥਾਪਣ ਸੋਆ ।
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ ।
ਗੁਰਮੁਖਿ ਕਲਵਿਚ ਪ੍ਰਗਟ ਹੋਆ ।

ਗੁਰਬਾਣੀ :— ਆਪ ਨਾਰਾਇਣ ਕਲਾ ਧਾਰ ਜਗ ਮੈਹਿ ਪ੍ਰਵਰਿਉ ।
ਸਾ ਧਰਤੀ ਭਈ ਹਰਿ ਆਵਲੀ ਜਿਥੇ ਮੇਰਾ ਸਤਿਗੁਰ ਬੈਠਾਆਇ
ਸੇ ਜੰਤ ਭਏ ਹਰਿ ਆਵਲੇ ਜਿਨੀ ਮੇਰਾ ਸਤਿਗੁਰ ਦੇਖਿਆ ਜਾਇ

ਜਗਤ ਗੁਰੂ ਰਬੀ ਜੋਤ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਗਤ ਉਧਾਰਨ ਲਈ ਭੁਲੀਆਂ ਰੂਹਾਂ ਨੂੰ ਰਬ ਨਾਲ ਜੋੜਨ ਵਾਸਤੇ ਚਾਰ ਉਦਾਸੀਆਂ ਧਾਰਨ ਕੀਤੀਆਂ । ਪਹਿਲੀ ਉਦਾਸੀ ਬਾਬਾ ਜੀ ਦੀ ਪੂਰਬ ਦਿਸ਼ਾ ਦੀ ਸੀ ਜਿਥੇ ਭਾਈ ਲਾਲੋ ਦਾ ਉਧਾਰ ਕੀਤਾ । ਬਾਣੀ ਉਚਾਰੀ— ਜੈਸੀ ਮੈ ਆਵੈ ਖਸਮ ਕੀ ਬਾਣੀ ।
ਤੈਸੜਾ ਕਰੀ ਗਿਆਨ ਵੇ ਲਾਲੋ ॥

ਦੂਜੀ ਉਦਾਸੀ ਬਾਬਾ ਜੀ ਦੀ ਦਖਣ ਦੇਸ ਦੀ ਸੀ ।



*

ਇਤਹਾਸ ਕਹਿੰਦਾ ਹੈ ਬਾਬਾ ਜੀ ਜਦੋ ਦਖ਼ਣ ਦੇਸ ਵਲ ਵਧੇ ਤਾਂ ਨਾਗਪੁਰ ਵਲੋਂ ਹੁੰਦੇ ਹੋਇ ਖੰਡੂਆ ਸਟੇਸ਼ਨ ਤੇ ੩੦-੪੦ ਮੀਲ ਦੀ ਵਿਥ ਤੋਂ ਓਅੰ ਕਾਰਸੇਵਰ ਮੰਦਰ ਹੈ ਉਥੇ ਪੁਜੇ ਉਥੋਂ ਦੀ ਜਨਤਾ ਨੂੰ ਨਿਹਾਲ ਕੀਤਾ ! ਬਾਣੀ ਉਚਾਰੀ ਜਿਸ਼ਦਾ ਨਾਮ ਦਖਣੀ ਓਅੰਕਾਰ ਹੈ ਉਪਰੰਤ ਬੁਰਾਂਨਪੁਰ ਤੇ ਹੁੰਦੇ ਹੋਇ ਨਾਂਦੇੜ ਪੁਜੇ ਜਿਥੇ ਸ੍ਰੀ ਗੁਰੂ ਗੋਬਿੰਦਸਿੰਘ ਜੀ ਰਾਜਰਿਸ਼ੀ ਦਾ ਚੌਥਾ ਤਖਤ ਹੈ। ਪਹਿਲੇ ਇਸ ਧਰਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨ ਪਏ ਅੰਤ੍ਰ ਆਤਮੇ ਬਾਬਾ ਜੀ ਨੇ ਕੀ ਡਿਠਾ। ਇਕ ਫਕੀਰ ਬੋੜੀ ਦੂਰ ਪਹਾੜੀ ਤੇ ਕੁਲੀ ਪਾਈ ਬੰਦਗੀ ਕਰ ਰਿਹਾ ਹੈ ਨਾਲ ਬੇਨਤੀ ਅਤੇ ਜੋਦੜੀਆ ਕਰਦਾ ਹੈ। ਹੇ ਵਲੀ ਅਲਾ ਗੁਰੂ ਨਾਨਕ ਦ੍ਰਸ਼ਨ ਦੇ ਮੈ ਸੁਣਿਆ ਹੈ ਤੂੰ ਸਚਾ ਰਹੈਬਰ ਹੈ ਮੇਰੇ ਪਾਸੋ ਤਾ ਚਲਣ ਦੀ ਸ਼ਕਤੀ ਭੀ ਨਹੀ ਹੈ। ਨੇਤ੍ਰਾ ਦੀ ਜੋਤ ਭੀ ਹੁਣ ਜਵਾਬ ਦੇ ਰਹੀ ਹੈ ਮਿਹਰਾ ਦੇ ਸਾਂਈ ਛੇਤੀ ਦਰਸ਼ਨ ਦੇ (ਨਦੀ ਕਿਨਾਰੇ ਰੁਖ਼ੜਾ ਕਿਚਰਕ ਧੰਨੇ ਧਾਰ) ਬਾਬਾ ਜੀ ਪੁਜ ਗਏ ਜਿਥੇ ਲਕੜਸ਼ਾਹ



*

ਫਕੀਰ ਬਾਬਾ ਜੀ ਦਾ ਧਿਆਨ ਧਰ ਬੇਨਤੀਆਂ ਕਰ ਰਿਹਾ ਸੀ। ਜਿਥੇ ਹੁਣ ਸੁੰਦਰ ਗੁਰਦੁਆਰਾ ਮਾਲ ਟੇਕਰੀ ਸਾਹਿਬ ਹੈ। ਓ ਲਕੜ ਸ਼ਾਹ ਫਕੀਰ ਅਖ਼ਾਂ ਖ਼ੋਹਲ ਤੂੰ ਯਾਦ ਕੀਤਾ। ਅਸੀ ਆਗਏ ਧਨਭਾਗ ਬਾਬਾ ਜੀ ਅਜ ਇਸ ਕੁਲੀ ਦੇ ਭਾਗ ਜਾਗੇ ਆਪ ਦੇ ਚਰਨ ਪਏ ਇਕ ਦਮ ਉਠਿਆ। ਨੂਰੀ ਝਲਕਾ ਵਜਾ, ਚਰਨਾ ਤੇ ਡਿਗ ਪਿਆ।

ਬਾਬਾਜੀ ਨੇ ਗਲੇ ਨਾਲ ਲਾਇਆ। ਵਰ ਭੀ ਦਿਤਾ। ਲਕੜ ਸ਼ਾਹ ਫਕੀਰ ਤੇਰੀ ਬੰਦਗੀ ਪ੍ਰਵਾਨ ਹੋਈ ਜਿਸ ਅਸਥਾਨ ਤੇ ਬੈਠਾ ਬੰਦਗੀ ਕਰ ਰਿਹਾ ਹੈ। ਸ਼ਮਾ ਆਏਗਾ ਇਥੋਂ ਦੀ ਚਰਨ ਧੂੜ ਲੈਣ ਲਈ ਦੁਨੀਆ ਚਲ ਕੇ ਆਵੇਗੀ ਇਹ ਅਸਥਾਨ ਬੜਾ ਪ੍ਰਸਿਧ ਹੋਵੇਗਾ। ਤੂੰ ਬਹੁਤ ਬ੍ਰਿਧ ਹੈ ਤੇਰੇ ਪਾਸੋਂ ਹੁਣ ਕੋਈ ਕਿਰਿਆ ਨਹੀ ਹੋ ਸਕਦੀ ਰੋਜ ਏਥੇ ਝਾੜੂ ਮਾਰਿਆਕਰ ਸੇਵਾ ਕਰਦਿਆਂ ਤੇਨੂੰ ਦੋ ਅਸ਼ਰਫੀਆ ਮਿਲ ਜਾਣਗੀਆਂ ਤੇਰਾ ਨਿਰਬਾਹ ਹੋਜਾਸੀ। ਸਤਬਚਨ ਬਾਬਾਜੀ। ਬਚਨ ਮਨ ਉਹ ਫਕੀਰ ਸੇਵਾ ਕਰਦਾ ਸੀ। ਸਹਜ ਸੁਭਾ ਦੋ ਅਸ਼ਰਫੀਆ ਰੋਜਾਨਾ ਮਿਲ ਜਾਣ ਉਸ ਦਾ ਨਿਰਬਾਹ ਹੁੰਦਾ ਅੰਤ ਨੂੰ ਉਹ ਫਕੀਰ ਚੜ੍ਹਾਈ ਕਰਗਿਆ ਜਿਸਦੀ ਯਾਦਦੀ ਕਬਰ ਹੁਣ ਤੀਕ ਮਾਲਟੇਕਰੀ ਗੁਰਦੁਆਰੇ ਪਿਛੇ ਮੌਜੂਦ ਹੈ। ਬਾਬਾ ਜੀ ਉਸਦਾ ਉਧਾਰ ਕਰ



*

Digitized by Panjab Digital Library | www.panjabdigilib.org

ਹੈਦਰਾਬਾਦ ਗੋਲਕੁੰਡਾ ਕਿਲਾਂ ਉਪਰੰਤ ਬਿਦਰ ਸ਼ੈਹਰ ਪੁਜੇ ਬਿਦਰ ਹੈਦਰਾਬਾਦ ਤੋਂ ੮੦ ਮੀਲ ਦੀ ਵਿਥ ਤੇ ਹੈ। ਬਿਦਰ ਸ਼ੈਹਰ ਦੀ ਜਨਤਾ ਜੋ ਕਰਮ ਕਾਂਡ ਵਿਚ ਫਸੀ ਹੋਈ ਸੀ। ਸਾਰੇ ਭਰਮਾ ਤੋ ਛੁੜਾ ਸਤਿਨਾਮ ਦਾ ਉਪਦੇਸ਼ ਦਿਤਾ। ਕੁਝ ਸਮੇਂਬਾਦ ਥੋੜੀ ਦੂਰ ਇਕ ਪਹਾੜੀ ਦੇ ਥਲੇ ਇਕਾਂਤ ਅਸਥਾਨ ਦੇਖ ਬਾਬਾ ਜੀ ਬਿਰਾਜੇ ਇਸ਼ਾਰਾਂ ਹੋਇਆ ਰਬੀ ਬਾਣੀ ਦਾ ਕੀਰਤਨ ਸੁਰੂ ਹੋ ਗਿਆ। ਇਉ ਪਰਤੀਤ ਹੋਇਆ ਸਾਰਾ ਜੰਗਲ ਰਬੀ ਬਾਣੀ ਦੀ ਧੁੰਨ ਨਾਲ ਗੂੰਜ ਰਿਹਾ ਹੈ। ਇਥੇ ਥੋੜੀ ਵਿਥ ਤੇ ਦੋ ਫਕੀਰ ਰਹਿੰਦੇ ਸਨ। ਜਿਨਾ ਦਾ ਜ਼ਿਕਰ ਤਵਾਰੀਖ ਗੁਰੂ ਖਾਲਸਾ ਮੁਸਲਮਾਨ ਲਿਖਾਰੀ ਅਲੀ ਮਹੰਮਦ, ਗੁਲਾਮ ਕਾਸਮ, ਭਾਈ ਰਾਮ ਦਿਤਾਮਲ ਤੇ ਹੋਰ ਭੀ ਲਿਖਾਰੀਆਂ ਨੇ ਲਿਖਿਆ ਹੈ। ਲਿਖਦੇ ਹਨ ਇਸ ਇਲਾਕੇ ਦੇਂਗੇ ਮਸ਼ਹੂਰ ਫਕੀਰ ਪੀਰ ਜ਼ਲਾਲਦੀਨ ਯਾਕੂਬ ਅਲੀ ਮੌਜੂਦ ਸਨ। ਉਨਾ ਪਾਸੋ ਹੋਰ ਭੀ ਬਹੁਤ ਸਾਰੇ ਫਕੀਰ ਮਿਲਕੇ ਮਕੇ ਜਾਣ ਦੀਆ ਤਿਆਰੀਆਂ ਕਰ ਰਹੇ ਸਨ ਮੁਖੀ ਫਕੀਰ ਪੀਰ ਜਲਾਲ ਦੀਨ ਬੋਲ ਉਠਿਆ। ਫਕੀਰੋ ਜਰਾ ਕੰਨਲਾਕੇ ਸੁਣੋ ਸਵੇਰੇ ਸਵੇਰੇ ਕੈਸੀ ਮਿਠੀ ਧੁਨੀ ਸੁਣਾਈ ਦੇ ਰਹੀ ਹੈ। ਇਉ ਪਰਤੀਤ ਹੁੰਦਾ ਹੈ। ਵਲੀ ਅਲਾਹ ਗੁਰੂ ਨਾਨਕ ਇਸ ਜੰਗਲ ਵਿਚ ਆਇਆ ਹੈ ਜਿਸਦੀ ਸਿਫਤ ਬੜੇ ਬੜੇ ਪੀਰ ਫਕੀਰ ਕਰਦੇ ਹਨ। ਜਿਥੇ ਬੈਠਦੇ ਹਨ। ਕੋਈ ਰਬੀ ਨਾਦ ਸੁਰੂ ਹੋ ਜਾਂਦਾ ਹੈ। ਇਨਸਾਨਕੀ ਪੰਛੀ ਭੀ ਮਸਤ ਹੋਕੇ ਚਰਨਾ ਵਿਚ ਬੈਠ



Digitized by Panjab Digital Library | www.panjabdigilib.org

ਜਾਂਦੇ ਹਨ ਸੁਣਿਆ ਹੈ ਇਸ ਇਲਾਕੇ ਦਾ ਦੌਰਾ ਕਰ ਰਹੇ ਹਨ । ਚਲੋ ਚਲਕੇ ਦ੍ਰਸਨ ਕਰੀਏ ਸਾਰੇ ਫਕੀਰ ਏਥੇ ਪੁਜੇ ਜਿਥੇ ਬਾਬਾ ਜੀ ਰਬੀ ਬਾਂਣੀ ਦਾ ਕੀਰਤਨ ਕਰ ਰਹੇ ਸਨ । ਦ੍ਰਸਨ ਕਰ ਰਬੀ ਨਾਦ ਸੁਣ ਸਾਰੇ ਸੁੰਨ ਸਮਾਧ ਹੋ ਗਏ ਥੋੜੀ ਦੇਰ ਬਾਦ ਗੁਰੂ ਜੀ ਨੇ ਨੇਤ੍ਰ ਖੋਹਲੇ ਮੁੰਹੋ ਨਿਕਲਿਆ । ਧੰਨ ਨਿਰੰਕਾਰ, ਧੰਨ ਨਿਰੰਕਾਰ, ਸਾਰੇ ਫਕੀਰ ਬੋਲ ਉਠੇ, ਸੁਬਾਨ ਅਲਾਹ, ਸੁਬਾਨ ਅਲਾਹ ਥੋੜੀ ਦੇਰ ਬਾਦ ਬਾਬਾ ਜੀ ਨਾਲ ਗੋਸਟ ਹੋਈ ਅੰਤ ਨੂੰ ਸਾਰੇ ਫਕੀਰਾਂ ਨੇ ਸਜਦਾ ਕੀਤਾ । ਬਾਬਾ ਜੀ ਦਾ ਉਪਦੇਸ਼ ਗ੍ਰੈਹਣ ਕੀਤਾ । ਇਹ ਚਰਚਾ ਬਿਦ੍ਰ ਸ਼ੈਹਰ ਵਿਚ ਫੈਲ ਗਈ । ਇਸ ਇਲਾਕੇ ਦੇ ਮਨੇ ਪਰਮਨੇ ਫਕੀਰ ਬਾਬਾਜੀ ਦੀ ਸ਼ਰਨ ਪਏ ਹਨ । ਗੁਰੂ ਸਾਂਰਿਆ ਸ਼ਕਤਿਆਂ ਦੇ ਮਾਲਕ ਹਨ ਸਭ ਮਾਈ ਭਾਈ ਚਲਕੇ ਬਾਬਾ ਜੀ ਦੇ ਚਰਨਾ ਤੇ ਅਰਦਾਸ ਬੇਨਤੀ ਕਰਿਏ ਜਿਹੜਾ ਸਾਨੂੰ ਦੁਖ ਹੈ ਉਹ ਗੁਰੂ ਨਾਨਕ ਸਾਹਿਬ ਜਰੂਰ ਦੂਰ ਕਰਨਗੇ ਕੁਝ ਸਮੇ ਬਾਦ ਬਿਦਰ ਦੀ ਜਨਤਾ ਇਥੇ ਪੁਜੀ ਜਿਥੇ ਫਕੀਰ ਭੀ ਬੇਨਤੀਆਂ ਕਰ ਰਹੇ ਸਨ ਬਾਬਾ ਜੀ ਆਪ ਨੇ ਐਸੀ ਧਰਤੀ ਤੇ ਚਰਨ ਪਾਏ ਹਨ, ਇਥੋ ਦੀ ਜਨਤਾ ਪਾਣੀ ਲਈ ਤਰਸ ਰਹੀ ਹੈ। ਸਾਰਿਆਂ ਨੇ ਮਿਲਕੇ ਬੇਨਤੀ ਕੀਤੀ ਗੁਰੂ ਜੀ ਸੌ ਸੌ ਫੁਟ ਡੂੰਘੇ ਖੂਹ ਪਟਾਇ, ਪਾਣੀ ਨਹੀ ਨਿਕਲਿਆ । ਜੇ ਕਿਤੇ ਨਿਕਲਿਆ ਤਾਂ ਖਾਰਾ ਪਾਣੀ ਮਿਠਾ ਕਿਤੇ ਪੀਣ ਵਾਸਤੇ ਨਹੀ ਹੈ । ਕਰੋ ਮੇਹਰ ਦੀ ਨਜ਼ਰ ਧਰਤੀ ਦੇ ਭਾਗ ਜਗਾਉ,



Digitized by Panjab Digital Library | www.panjabdigilib.org

ਆਪਤਾ ਸਾਰੇ ਬ੍ਰਹਮੰਡਾ ਦੇ ਮਾਲਕ ਹੋ ਆਪਦਾ ਇਸ਼ਾਰਾ ਹੀ ਕਾਫੀ ਹੈ। ਨਿਰੰਕਾਰ ਨੇ ਆਪ ਨੂੰ ਇਸ ਧਰਤੀ ਤੇ ਇਸੇ ਲਈ ਭੇਜਿਆ ਹੈ ਮਰਦਾਨੇ ਨੇ ਭੀ ਬੇਨਤੀ ਕੀਤੀ ਸਚੇ ਪਾਤਸ਼ਾਹ ਮੈ ਭੀ ਤਿਨ ਦਿਨਾ ਦਾ ਪਿਆਸਾ ਪਾਣੀ ਕਿਤੇ ਨਹੀ ਹੈ। ਖੂਹ ਸੁਕੇ ਪਏ ਹਨ। ਪਸੂ ਪੰਛੀ ਭੀ ਪਾਣੀ ਲਈ ਤਰਸ ਰਹੇ ਹਨ। ਨਿਰੰਕਾਰ ਨੇ ਆਪ ਨੂੰ ਇਨਾ ਦੁਖੀਆਂ ਦੇ ਦੁਖ ਦੂਰ ਕਰਨ ਲਈ ਇਸ ਧਰਤੀ ਤੇ ਭੇਜਿਆ ਹੈ। ਵਾਹਿਗੁਰੂ ਦਾ ਹੁਕਮ ਲੈ ਬਾਬਾ ਜੀ ਇਕਦਮ ਉਠੇ ਚਰਨਾ ਦੀ ਖੜਾਊ ਸਾਹਮਣੇ ਪਹਾੜੀ ਨਾਲ ਛੁਹਾਈ ਬਸ ਫੇਰ ਕੀ ਇਕਦਮ ਮਿਠੇ ਜਲਦੀ ਧਾਰਾ ਵਗਤੁਰੀ ਸਾਰੇ ਫਕੀਰਾਂ ਨੇ ਬਿਦਰ ਦੀ ਜਨਤਾ ਨੇ ਚਰਨਾ ਤੇ ਮਥਾ ਟੇਕਿਆ ਮੂੰਹੋ ਨਿਕਲਿਆ ਧੰਨ ਬਾਬਾ ਨਾਨਕ, ਨਾਨਕ ਝੀਰਾ ਪ੍ਰਸਿਧ ਹੋਇਆ। ਬਾਬਾ ਜੀ ਇਹ ਕੌਤਕ ਕਰ ਇਥੋ ਮਦਰਾਸ ਅਗੋ ਰਾਮੇਸ਼ਰ ਪੁਜੇ ਜੋ ਹਿੰਦੁਸਤਾਨ ਦਾ ਸਭ ਤੋ ਵਡਾ ਮੰਦਰ ਹੈ ਉਥੋ ਹੁੰਦੇ ਹੋਇ ਅਗੇ ਲੰਕਾ ਨੂੰ ਚਲੇ ਗਏ ਬਿਦਰ ਵਿਚ ਜਿਆਦਾ ਮੁਸਲਮਾਨਾ ਦੀ ਆਬਾਦੀ ਸੀ ਇਹ ਇਲਾਕਾ ਭੀ ਪੈਹਿਲੇ ਹੈਦਰਾਬਾਦ ਦੇ ਅਧੀਨ ਸੀ ਉਨਾ ਲੋਕਾ ਨੇ ਇਸ ਅਸਥਾਨ ਤੇ ਕਬਜਾ ਕਰਨ ਦੀ ਕੋਸ਼ਸ਼ ਕੀਤੀ। ਇਥੋ ਦੀ ਹਿੰਦੂ ਜਨਤਾ ਮਿਲਕੇ ਟਾਈਮ ਪਾਸ ਕਰਦੇ ਚਲੇ ਗਏ ਸਮਾ ਆਗਿਆ ਮਹਾਰਾਜੇ ਰਣਜੀਤ ਸਿੰਘ ਦੇ ਰਾਜ ਦਾ ੧੮੩੦ ਦੇ ਲਗ ਭਗ ਦਾ ਜ਼ਿਕਰ ਹੈ। ਹੈਦਰਾਬਾਦ ਦੇ ਨਿਜਾਮ ਬਾਦਸ਼ਾਹ ਨੇ ਆਪਣੇ ਲਾਇਕ

ਵਜ਼ੀਰ ਚੰਦੂ ਲਾਲ ਦੀ ਸਲਾਹ ਨਾਲ ਕੁਝ ਫੌਜਾ ਦੀ ਮਦਦ ਸ਼ੇਰੇ ਪੰਜਾਬ ਤੋਂ ਮੰਗੀ ਨਿਜ਼ਾਮ ਬਾਦਸ਼ਾਹ ਦੀ ਮਦਦ ਲਈ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰੀ ਫੌਜ ੧੪–੧੫ ਹਜ਼ਾਰ ਦੀ ਗਿਣਤੀ ਵਿਚ ਭੇਜੀ ਜਿਨਾ ਵਿਚੋ ਕੁਝ ਸਿੰਘਾਂ ਦਾ ਕੈਮਪ ਏਥੇ ਭੀ ਲਗਾ। ਜਦੋ ਸਿੰਘ ਬਿਦਰ ਪੁਜੇ ਤਾਂ ਇਥੋਂ ਦੀ ਜਨਤਾ ਪਾਸੋਂ ਪਤਾ ਲਗਾ। ਇਥੇ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਪਏ ਹਨ ਬਲਕੇ ਇਥੋਂ ਦੀ ਜਨਤਾ ਨੂੰ ਸੁਖੀ ਕਰਨ ਲਈ ਬਾਬਾ ਜੀ ਨੇ ਅੰਮ੍ਰਤ ਚਸ਼ਮਾ ਭੀ ਜਾਰੀ ਕੀਤਾ ਹੈ। ਜਿਸਦਾ ਨਾਮ ਨਾਨਕ ਝੀਰਾ ਕਰਕੇ ਪਰਸਿਧ ਹੈ। ਚਲੋ ਸਿੰਘੋ ਪਹਿਲੇ ਚਲਕੇ ਸ੍ਰੀ ਨਾਨਕ ਝੀਰਾ ਸਾਹਿਬ ਦਰਸ਼ਨ ਇਸ਼ਨਾਨ ਕਰੀਏ ਜਦੋ ਸਿੰਘ ਏਥੇ ਪੁਜੇ ਤਾਂ ਉਨਾ ਨੇ ਕੀ ਕੌਤਕ ਵੇਖਿਆ ਜਿਥੇ ਅੰਮ੍ਰਤ ਚਸ਼ਮਾ ਨਿਕਲ ਰਿਹਾ ਹੈ। ਕੁਝ ਲੋਗ ਵਿਚੇ ਨਾ ਧੋ ਰਹੇ ਹਨ, ਵਿਚੇ ਪਾਣੀ ਪੀ ਰਹੇ ਹਨ, ਵਿਚ ਜੂਠੀਆਂ ਚੁਲੀਆਂ ਭੀ ਸੁਟ ਰਹੇ ਹਨ। ਇਹ ਵੇਖ ਕੇ ਸਿੰਘਾ ਦਾ ਹਿਰਦਾਂ ਬੜਾ ਦੁਖੀ ਹੋਇਆ। ਸਿੰਘਾ ਨੇ ਪਹਿਲੇ ਪਿਆਰ ਨਾਲ ਸਮਝਾਇਆ। ਦੇਖੋ ਭਾਈ ਮੁਸਲਮਾਨ ਭਰਾਤੋ ਗੁਰੂ ਨਾਨਕ ਸਾਹਿਬ ਸਭਦਾ ਸਾਂਝਾ ਹੈ ਉਸਦਾ ਚਸ਼ਮਾ ਭੀ ਸਭ ਲਈ ਹੈ। ਕਿਉਂਕੇ ਇਥੇ ਪਾਣੀ ਦੀ ਤਕਲੀਫ ਹੈ ਪਰ ਤੁਸੀ ਪਾਣੀ ਇਸ ਤਰਾ ਵਰਤੋ ਜਿਸ਼ ਤਰਾਂ ਨਾਲ ਹਿੰਦੂ ਜਨਤਾ ਸਤਕਾਰ ਨਾਲ ਲੈ ਰਹੀ ਹੈ। ਉਹ ਹੈਰਾਨ ਹੋਇ ਅਜ ਸਾਨੂੰ ਥੋੜੇ ਸਿਖ ਰੋਕਨ ਟੋਕਨ ਵਾਲੇ ਆਗਏ ਸਾਡੀ ਹਕੂਮਤ ਸਾਨੂੰ ਕੌਣ

*



Digitized by Panjab Digital Library | www.panjabdigilib.org

ਰੋਕ ਸਕਦਾ ਹੈ। ਨਾ ਹਟੇ ਅਖੀਰ ਝਗੜਾ ਹੋਗਿਆ ਕੁਝ ਦੋਹਾ ਪਾਸੇ ਤੋ ਸ਼ਹੀਦ ਹੋ ਗਏ। ਇਹ ਖਬਰ ਨਿਜਾਮ ਬਾਦਸ਼ਾਹ ਤੀਕ ਪੁਜੀ ਜਿਨਾ ਸਿੰਘਾਂ ਦੀ ਡਿਉਟੀ ਬਿਦ੍ਰ ਲਾਈ ਹੈ ਉਥੇ ਚਸ਼ਮੇ ਤੋ ਦੋਹਾ ਪਾਸੇ ਤੋ ਕੁਝ ਸ਼ਹੀਦ ਹੋਗਏ ਹਨ। ਉਸ ਨੇ ਸਿਖਾਂ ਨੂੰ ਵਾਪਸ ਬੁਲਾ ਲਿਆ। ਉਨਾਦੀ ਹੋਰ ਪਾਸੇ ਡਿਉਟੀ ਲਾ ਦਿਤੀ ਉਸ ਤੋ ਬਾਦ ਮੁਖਾਲਫ ਪਾਰਟੀ ਦੇ ਲੋਗਾ ਨੇ ਏਥੇ ਕਬਜਾ ਕਰ ਲਿਆ। ਕਬਜਾ ਕਰਕੇ ਇਸਦਾ ਨਾਮ ਚਸਮੇ ਸ਼ਾਹਦਾਂਦ ਦੇ ਨਾਮ ਮਸ਼ਹੂਰ ਕੀਤਾ। ਜਦੋਂ ਤੀਕ ਉਨਾਂ ਦੀ ਹਕੂਮਤ ਰਹੀ। ਮਾਹ ਸਪਟੰਬ੍ਰ ੧੯੪੮ ਵਿਚ ਹੈਦ੍ਰਾਬਾਦ ਰਿਆਸਤ ਹਿੰਦੁ-ਤਾਨ ਨਾਲ ਮਿਲਾਈ ਗਈ ਉਸ ਦੌਰਾਨ ਵਿਚ ਖਾਲਸੇ ਨੇ ਫਿਰ ਆਪਣੇ ਅਸਥਾਨ ਦੀ ਸੰਭਾਲ ਕੀਤੀ। ਗੁਰੂ ਨਾਨਕ ਸਾਹਿਬ ਦੇ ਝੰਡੇ ਗਡੇ। ਹਜੂਰਸਾਹਿਬ ਤੋਂ ਪਹਿਲੀ ਯਾਤ੍ਰਾ ੧੦ ਮਈ ੧੯੪੯ ਤੋਂ ਆਰੰਭ ਹੋਈ ਤੇ ਸੰਗਤਾ ਆਵਨੀਆਂ ਸ਼ੂਰੂ ਹੋ ਗਈਆਂ। ਮੁਖਾਲਫ ਪਾਰਟੀ ਦੇ ਲੋਗਾ ਨੇ ਦੇਖਿਆ ਚਸ਼ਮੇ ਸ਼ਾਹਦਾਦ ਸਚਮੁਚ ਨਾਨਕ ਝੀਰਾ ਬਣ ਰਿਹਾ ਹੈ। ਉਨਾਨੇ ਸਿਖਾ ਤੇ ਦਾਹਵਾ ਦਾਇਰ ਕੀਤਾ। ਮੁਸਲਮਾਨ ਲਿਖਾਰੀਆ ਦੇ ਹਵਾਲੇ ਭੀ ਮਿਲੇ। ਜਿਨਾਨੇ ਬਾਬਾਜੀ ਦੇ ਪੂਰੇ ਟੂਰ ਲਿਖੇ ਹਨ। ਉਨਾਨੇ



Digitized by Panjab Digital Library | www.panjabdigilib.org

ਲਿਖਿਆ ਹੈ। ਗੁਰੂ ਜੀ ਦੌਰਾ ਕਰਤੇ ਹੁਏ ਹੈਦ੍ਰਾਬਾਦ ਸੇ ਬਿਦਰ ਤਸ਼ਰੀਫ ਲਾਇ ਯਹਾਂਪਰ ਫਕੀਰੋ ਸੇ ਭੀ ਮੁਲਾਕਾਂਤ ਕੀ ਹਿੰਦੂ ਜਨਤਾ ਨੇ ਪ੍ਰਾਥਨਾ ਕੀ ਤੋ ਗੁਰੂ ਜੀ ਨੇ ਚਸ਼ਮਾ ਨਿਕਾਲਾ ਜਿਸਕੋ ਹਿੰਦ ਲੋਗ ਨਾਨਕ ਝੀਰਾ ਕਰਕੇ ਕਹਿਤੇ ਹੈਂ। ਅੰਤ ਨੂੰ ੧੯੫੦ ਵਿਚ ਕੇਸ ਦਾ ਫੈਸਲਾ ਖਾਲਸੇ ਦੇ ਹਕ ਵਿਚ ਹੋਇਆ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਈ ਗਈ। ਜਿਸਦੇ ਪ੍ਰਧਾਨ ਗ੍ਰਸਤੀ ਸੰਤ ਪੰਥਭੂਸ਼ਨ ਸੁਰਗਵਾਸੀ ਸ੍ਰ:ਬਿਸ਼ਨਸਿੰਘਜੀ ਸੁਰਗਵਾਸੀ ਸ੍ਰ: ਸੂਬੇਦਾਰ ਕਰਮਸਿੰਘ ਜੀ ਸੈਕਟਰੀ ਥਾਪੇ ਗਏ। ਸ੍ਰ: ਬਿਸ਼ਨ ਸਿੰਘਜੀ ਪ੍ਰਵਾਰ ਵਲੋ ਪੰਜ ਛੇ ਕਮਰੇ ਭੀ ਬਣਾਇ। ਜਿਨਾਦੇ ਵਡੇ ਸਪੁਤ੍ਰ ਸ੍ਰ: ਜੋਗਾਸਿੰਘ ਜੀ ਮੌਜੂਦਾ ਪ੍ਰਧਾਨ ਸ੍ਰੀ ਨਾਨਕ ਝੀਰਾ ਸਾਹਿਬ ਦੀ ਸੇਵਾ ਕਰਵਾ ਰਹੇ ਹਨ ਗੁਰੂ ਸੰਗਤਾ ਨੇ ਮਿਲਕੇ ਉਦਮ ਕੀਤਾ। ਕਰੀਬਨ ੬੦ ਕਮਰੇ ਸੰਗਤਾ ਦੀ ਰਿਹਾਇਸ਼ ਲਈ ਤਿਆਰ ਹੋਇ ਹਨ। ਅੰਮ੍ਰਤ ਕੁੰਡ ਨਵਾ ਸਰੋਵਰ, ਗੁ:ਸਾਹਿਬ ਦੀ ਬਿਲਡਿੰਗ ਤਿਆਰ ਹੋਈ ਹੈ। ਅਜੇ ਕੰਮ ਬਹੁਤ ਬਾਕੀ ਹੈ। ਸੰਗਮਰਮਰ ਭੀ ਲਗਣੇ ਹਨ ਹੋਰ ਕਮਰੇ ਭੀ ਬਣਨੇ ਹਨ। ਪਾਣੀ ਦੀ ਟਾਂਕੀ ਬਣਾਕੇ ਸਾਰਿਯਾ ਕਮਰਿਆਂ ਵਿਚ ਪਾਣੀ ਪੁਚਾਂਇਆ ਜਾਇਗਾ। ਤਨ, ਮਨ, ਤੇ ਧਨ ਨਾਲ ਗੁਰੂ ਸੰਗਤਾ ਸੇਵਾ ਕਰਕੇ ਗੁਰੂ ਬਾਬੇ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

**ਜੋੜ ਮੇਲੇ**– ਗੁ: ਨਾਨਕ ਝੀਰਾ ਸਾਹਿਬ ਵਿਖੇ ਸਾਲ ਵਿਚ ਦੋ ਜੋੜ ਮੇਲੇ ਮਨਾਏ ਜਾਂਦੇ ਹਨ ਇਕ ਕੱਤਕ ਪੂਰਨ ਮਾਸੀ ਜਨਮ ਉਤਸਵ ਸ੍ਰੀ ਗੁਰੂ ਨਾਨਕ ਦੇਵਜੀ ਮਹਾਰਾਜ। ਤੇ ਦੂਜਾ ਹੋਲੇ ਮਹਿਲੇ ਤੇ ਵੀ ਬਹੁਤ ਭਾਰੀ ਸਮਾਗਮ ਪ੍ਰਕਾਸ਼ ਉਤਸਵ ਦੀ ਯਾਦਿ ਵਿਚ ਮਨਾਯਾ ਜਾਂਦਾ ਹੈ ਜਿਸ ਦਿਨ ਗੁ: ਸਾਂਹਿਬ ਦੀ ਨਵੀ ਬਿਲਡਿੰਗ ਵਿਚ ਸ੍ਰੀ ਗੁਰੂ ਗ੍ਰਿੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੈ।

*



Digitized by Panjab Digital Library | www.panjabdigilib.org

**ਗੁਰਦੁਆਰਾ ਮਾਈ ਭਾਗੋ**– ਗੁ: ਨਾਨਕ ਝੀਰਾ ਸਾਹਿਬ ਤੋ ੬ ਮਿਲ ਦੀ ਵਿਥ ਤੇ ਜਨਵਾੜਾ ਪਿੰਡ ਹੈ ਜਿਥੇ ਮਾਈ ਭਾਗੋ ਸ੍ਰੀ ਗੁਰੂ ਗੋਬਿਦਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਵਨ ਤੋ ਬਾਦ ਸ੍ਰੀ ਹਜ਼ੂਰ ਸਾਹਿਬ ਜੀ ਤੋਂ ਗੁਰੂ ਘਰ ਦੇ ਸੇਵਕ ਰੁਸਤੁਮਰਾਏ ਬਾਲਾਰਾਏ ਦੇ ਨਾਲ ਜਨਵਾੜਾ ਪਹੁੰਚੇ ਤੇ ਗੁ: ਨਾਨਕ ਝੀਰਾ ਸਾਹਿਬ ਦੀ ਸੇਵਾ ਕਰਦੇ ਰਹੇ ਤੇ ਅੰਤ ਨੂੰ ਮਾਤਾ ਜੀ ਜਨਵਾੜੇ ਵਿਚ ਹੀ ਅਕਾਲ ਚਲਾਨਾ ਕੀਤਾ ਜਿਥੇ ਹੁਨ ਗੁ: ਮਾਈ ਭਾਗੋ ਹੈ। ਇਸ ਅਸਥਾਨ ਦੀ ਸੇਵਾ ਹੋਨਵਾਲੀ ਹੈ ਤੇ ਗੁ: ਸਾਹਿਬ ਮਾਤਾ ਜੀ ਦੀ ਯਾਦਿਗਾਰ ਬਨਨ ਵਾਲੀ ਹੈ।

## ਪੰਜ ਪਿਆਰੇ ਭਾਈ ਸਾਹਿਬ ਸਿੰਘ ਜ਼ੀ

ਗੁਰੂ ਬਾਬਾ ਨਾਨਕ ਜੀ ਨੇ ਪਵਿਤ੍ਰ ਚਸ਼ਮਾ ਝੀਰਾ ਸਾਹਿਬ ਪ੍ਰਗਟ ਕਰਕੇ ਸਿਖੀਦਾ ਬੂਟਾ ਲਾਇਆ ਉਸੇ ਦਾ ਸਦਕਾ ਬਿਦਰ ਵਾਸੀਆਂ ਵਿਚ ਸਿਖੀ ਫੈਲੀ ਇਤਹਹਾਸ ਵਿਚ ਜਿਕਰ ਆਂਵਦਾ ਹੈ। ਜਿਵ ਵੇਲੇ ਸ੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਨੇ ੧੭੫੬ ਬਿਕਰਮੀ ਵੈਸਾਖੀ ਵਾਲੇ ਦਿਨ ਸੀਸ ਭੇਟ ਮੰਗ ਕੀਤੀ ਉਨਾਂ ਪੰਜ ਪਿਆਰਿਆਂ ਵਿਚੋਂ ਭਾਈ ਸਾਹਿਬ ਸਿੰਘ ਜੀ ਬਿਦਰ ਸਹਰ ਦੇ ਸੰਨ ਇਸ ਬਾਰੇ ਪੰਥ ਦੇ ਮਨੇ ਪ੍ਰਮਨੇ ਇਤਹਾਸ ਦੇ ਖੋਜੀ ਸ੍ਰੀਮਾਨ ਗਿਆਨੀ ਗੁਰਬਚਨਸਿੰਘ ਜੀ{ਖਾਲਸਾ}ਭਿੰਡਰਾਂ ਵਾਲਿਆਂਨੇ ਅਪਣੀ ਲਿਖਤ ਪੁਸ਼ਤਕ 'ਸ੍ਰੀ ਗੁਰੂ ਮੁਖ ਪ੍ਰਕਾਸ਼' ਵਿਚ ਇਉਂ ਦਰਜ ਕੀਤਾ ਹੈ।

ਪੰਜ ਪਿਆਰੇ ਭਾਈ ਸਾਹਿਬ ਜੀ ਪਿਤਾ ਗੁਰਨਾਰਾਇਣ ਮਾਤਾ ਅਨਕੰਪਾ ਸੰਮਤ ੧੭੩੨ ਬਿਕਰਮੀ, ੫ ਮੱਘਰ ਨੂੰ ਜਨੰਮੇ ਇਹਨਾਂਦੇ ਮਾਤਾ ਪਿਤਾ ਨੇ ਇਹਨਾਂ ਨੂੰ ੧੧ ਸਾਲ ਦੀ ਉਮ੍ਰ ਸ੍ਰੀ ਸਤਿਗੁਰੁ ਗੋਬਿੰਦਸਿੰਘ ਜੀ ਮਹਾਰਾਜ ਦੀ ਸਰਨ ਵਿਚ ਭੇਟਾ ਕੀਤਾ, ਸੰਮਤ ੧੭੬੧ ਬਿਕਰਮੀ ਵਿਚ ਸ੍ਰੀ ਚਮਕੌਰ ਸਾਹਿਬ ਜੀ ਦੇ ਜੰਗ ਵਿਚ ਸ਼ਹੀਦ ਹੋਏ ਬਿਦਰਪੁਰਵਾਸੀ।

ਲੇਖਕ– ਸੰਤ ਕਰਤਰਸਿੰਘ ਜੀ

Digitized by Panjab Digital Library | www.panjabdigilib.org

੧੫. ਸ੍ਰ: ਰਤਨਸਿੰਘ ਬੈਂਕਰ- ਮੈਂਬ੍ਰ [ਬਿਦਰ]
੧੬. ਸ੍ਰੀ ਸ਼ੰਕਰਰਾਵ ਐਡਵੋਕੇਟ ਲੀਗਲ ਐਡਵਾਈਜਰ [ਬਿਦਰ]
੧੭. ਸ੍ਰ: ਰਾਮਸਿੰਘ ਜੀ- ਮੈਂਬ੍ਰ [ਕਰੀਮਨਗਰ]
੧੮. ਸ੍ਰ: ਜਗਨਸਿੰਘ ਜੀ- ਮੈਂਬ੍ਰ [ਕਰੀਮਨਗਰ]
੧੯. ਸ੍ਰ: ਬਾਬਾ ਦੀਵਾਨ ਸਿੰਘ ਜੀ ਲਾਂਬਾ- ਮੈਂਬ੍ਰ [ਬੰਬਈ]
੨੦. ਸ੍ਰ: ਕਰੰਮਸਿੰਘ ਜੀ ਚਢਾ- ,, ,,
੨੧. ਸ੍ਰ: ਦਯਾਲਸਿੰਘ ਜੀ ਰੇਖੀ ,, ,,
੨੨. ਬਾਬਾ ਹਰਬੰਸਸਿੰਘ ਜੀ ,, ,,
੨੩. ਸ੍ਰ: ਲਾਭਸਿੰਘ ਜੀ ਚਢਾ ,, ,,
੨੪. ਸ੍ਰ: ਮੋਹਨਸਿੰਘ ਜੀ ਸਾਹਣੀ ,, ,,
੨੫. ਸ੍ਰ: ਗੁਰਦਤਸਿੰਘ ਜੀ ਸੇਠੀ ,, ,,
੨੬. ਸ੍ਰ: ਅਮਰੀਕਸਿੰਘ ਜੀ ,, ,,
੨੭. ਸ੍ਰ: ਬੁਧਸਿੰਘ ਜੀ ਅਨੰਦ ,, ,,
੨੮. ਸ੍ਰ: ਹਰਮਹਿੰਦਰ ਸਿੰਘ ਜੀ ,, ,,
੨੯. ਬੇਦੀ ਮੋਹਰਸਿੰਘ ਜੀ ,, ,,
੩੦. ਸ੍ਰ: ਰਘਬੀਰਸ਼ਿੰਘ ਜੀ ਸੇਠੀ ,, ,,
੩੧. ਸ੍ਰ: ਹਰਨਾਮਸਿੰਘ ਜੀ ਰਤੀ ,, ,,
੩੨. ਸ੍ਰ: ਗੁਜਰਸਿੰਘ ਜੀ ,, ,,
੩੩. ਸ੍ਰ: ਮਨੋਹਰਸਿੰਘ ਜੀ ਸਬ੍ਰਵਾਲ ,, ਮਦਰਾਸ
੩੪. ਬੇਦੀ ਅਚਲਸਿੰਘ ਜੀ ,, ਵਰੰਗਲ
੩੫. ਸ੍ਰ: ਅਜਬਸਿੰਘ ਜੀ ,, ,,

B-1551

Digitized by Panjab Digital Library | www.panjabdigilib.org

# ਗੁਰਦੁਆਰਾ ਸਾਹਿਬ ਨਾਨਕ ਝੀਰਾ [ਬਿਦਰ] ਨੂੰ ਪੁੱਜਣ ਦੇ ਰਸਤੇ

੧. ਬੰਬੇ ਮਦਰਾਸ ਮੇਲ ਤੋਂ ਹੈਦਰਾਬਾਦ ਦੇ ਡੱਬੇ 'ਤੇ ਸਵਾਰ ਹੋ ਕੇ ਸਟੇਸ਼ਨ ਵਖੇਰਾਬਾਦ ਜੇਕਸ਼ਨ ਤੋਂ ਬਦਲ ਕੇ ਬਿਦਰ ਦੀ ਗੱਡੀ'ਤੇ ਸਵਾਰ ਹੋ ਜਾਣਾ।

੨. ਬੰਬੇ ਤੋਂ ਗੁਲਬਰਗਾ ਸਟੇਸ਼ਨ 'ਤੇ ਉਤਰ ਕੇ ਡੀਲੈਕਸ ਬਸ ਰਾਹੀਂ ਬਿਦਰ ਪੁਜ ਜਾਣਾ।

੩. ਸ੍ਰੀ ਹਜ਼ੂਰ ਸਾਹਿਬ ਤੋਂ ਬਸ ਰਾਹੀ ਬਿਦਰ ਪੁਜ ਕੇ ਗੁਰਦੁਆਰਾ ਨਾਨਕ ਝੀਰਾ ਸਾਹਿਬ ਪੁਜ ਜਾਣਾ।

੪. ਹਜ਼ੂਰ ਸਾਹਿਬ ਤੋਂ ਗੱਡੀ ਰਾਹੀ ਹੈਦਰਾਬਾਦ ਤੋਂ ਬਿਦਰ ਦੀ ਗੱਡੀ ਤੇ ਬੈਠ ਜਾਣਾ ਤੇ ਬਿਦਰ ਸ਼ਹਿਰ ਪੁਜ ਜਾਣਾ।

੫. ਹਜ਼ੂਰ ਸਾਹਿਬ ਤੋ ਪਰਭਨੀ ਸਟੇਸ਼ਨ ਤੇ ਪੁਜ ਕੇ ਪਰਲੀਬੈਜਨਾਥ ਜੰਕਸ਼ਨ ਤੋਂ ਬਿਦਰ ਪੁਜ ਜਾਣਾ।

ਪੋਸਟ, ਮਨੀਆਰਡਰ, ਡਰਾਫਟ ਇਸ ਪਤੇ ਤੇ ਭੇਜ ਸਕਦੇ ਹੋ।

ਗੁਰਦੁਆਰਾ ਸਾਹਿਬ ਨਾਨਕ ਝੀਰਾ
ਬਿਦਰ (ਕਰਨਾਟਕ) ਮੈਸੂਰ ਸਟੇਟ

ਗੁਰੂ ਨਾਨਕ ਪ੍ਰੈਸ ਨਾਂਦੇੜ (ਹਜ਼ੂਰ ਸਾਹਿਬ) ਵਿਚ ਛਪਿਆ।

Digitized by Panjab Digital Library | www.panjabdigilib.org